**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ ਪਸਸਬ.......10559-81.......ਸ.ਸ.ਕਸ ਮਿਤੀ 16/3/23.......ਐਸ.ਏ.ਐਸ.ਨਗਰ

ਵਿਸ਼ਾ:- ਬਾਰਵੀਂ **ਸ੍ਰੇਣੀ ਫਰਵਰੀ/ਮਾਰਚ** 2023 ਦੀ ਜਨਰਲ ਅੰਗਰੇਜੀ (001) ਦੀ ਮਿਤੀ 24.2.2023 ਨੂੰ ਮੁਲਤਵੀਂ ਪ੍ਰੀਖਿਆ ਦੇ ਬੈਂਕਾਂ ਵਿੱਚ ਪਏ ਪ੍ਰਸ਼ਨ ਪੱਤਰਾਂ ਦੇ ਪੈਕਟ **ਇੱਕ ਵੱਖਰੀ ਥੈਲੀ ਵਿੱਚ ਪਾ ਕੇ ਬੈਂਕ ਕਸਟੱਡੀ ਵਿੱਚ ਹੀ ਰੱਖਣ ਬਾਰੇ।**

ਸ੍ਰੀਮਾਨ ਜੀ,

ਆਪਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਾਰਵੀਂ ਸ੍ਰੇਣੀ ਫਰਵਰੀ/ਮਾਰਚ 2023 ਦੀ ਪਹਿਲਾਂ ਜਾਰੀ ਡੇਟਸ਼ੀਟ ਅਨੁਸਾਰ ਜਨਰਲ ਅੰਗੇਰੇਜੀ ( ਕੋਡ 001) ਦਾ ਪੇਪਰ ਮਿਤੀ 24.2.2023 ਨੂੰ ਹੀ ਮੁਲਤਵੀਂ (Post pone) ਕੀਤਾ ਗਿਆ ਸੀ ਜੋ ਕਿ ਹੁਣ ਜਨਰਲ ਅੰਗਰੇਜੀ (001) ਦੀ ਪ੍ਰੀਖਿਆ ਮਿਤੀ 24.3.2023 (ਸੁੱਕਰਵਾਰ )ਨੂੰ ਹੋਵੇਗੀ।

2. ਬਾਰਵੀਂ ਸ੍ਰੇਣੀ(First Lot) ਪ੍ਰੀਖਿਆ ਦੇ ਪ੍ਰਸ਼ਨ ਪੱਤਰ (ਡੇਟਸ਼ੀਟ ਅਨੁਸਾਰ ਮਿਤੀ 22.3.2023 ਤੱਕ ) ਬੈਂਕਾਂ ਵਿੱਚ ਪਹਿਲਾਂ ਹੀ ਰੱਖੇ ਹੋਏ ਹਨ, ਜਿਨਾਂ ਵਿੱਚ ਅੰਗਰੇਜੀ ਵਿਸ਼ੇ ਦੀ ਮੁਲਤਵੀਂ ਪ੍ਰੀਖਿਆ ਦਾ ਪ੍ਰਸ਼ਨ ਪੱਤਰ ਵੀ ਹੈ।
3. ਹੁਣ ਬਾਰਵੀਂ ਸ੍ਰੇਣੀ ਦੇ (Second Lot) ਦੇ ਪ੍ਰਸ਼ਨ ਪੱਤਰ ਵੀ ਬੈਂਕਾਂ ਵਿੱਚ ਰੱਖੇ ਜਾਣੇ ਹਨ, ਇਨਾਂ ਵਿੱਚ ਮਿਤੀ 24.3.2023 ਨੂੰ ਹੋਣ ਵਾਲਾ ਅੰਗਰੇਜੀ ਵਿਸ਼ੇ ਦਾ ਪ੍ਰਸ਼ਨ ਪੱਤਰ ਵੀ ਹੋਵੇਗਾ।
4. ਦਸਵੀਂ ਸ੍ਰੇਣੀ ਦੇ ਪ੍ਰਸ਼ਨ ਪੱਤਰ ਵੀ ਬਾਰਵੀਂ ਸ੍ਰੇਣੀ (Second Lot) ਦੇ ਨਾਲ ਹੀ ਇਕੱਠੇ ਮਿਤੀ 18.3.2023, 20.3.2023, 21.3.2023 ਅਤੇ 22.3.2023 ਨੂੰ ਬੈਂਕਾਂ ਵਿੱਚ ਰੱਖੇ ਜਾਣੇ ਹਨ।
5. **ਮਿਤੀ 24.2.2023 ਨੂੰ ਮੁਲਤਵੀ ਹੋਈ ਅੰਗਰੇਜੀ ਵਿਸ਼ੇ ਦੀ ਪ੍ਰੀਖਿਆ ਅਤੇ ਮਿਤੀ 24.3.2023 ਨੂੰ ਹੋਣ ਵਾਲੀ ਪ੍ਰੀਖਿਆ ਦੇ ਪ੍ਰਸ਼ਨ ਪੱਤਰਾਂ ਦੇ ਪੈਕਟ ਆਪਸ ਵਿੱਚ ਮਿਕਸ ਨਾ ਹੋਣ ਅਤੇ ਨਾ ਹੀ ਕੋਈ ਭੁਲੇਖਾ ਪਵੇ। ਭਾਵ ਗਲਤੀ ਨਾਲ ਕਿਸੇ ਪ੍ਰਿੰਸੀਪਲ ਵੱਲੋਂ ਪੁਰਾਣਾ ਪ੍ਰਸ਼ਨ ਮੁਹੱਈਆ ਨਾ ਕਰਵਾ ਦਿੱਤਾ ਜਾਵੇ ।**
6. **ਇਸ ਕਰਕੇ ਮਿਤੀ 18.3.2023, 20.3.2023, 21.3.2023 ਅਤੇ 22.3.2023 ਨੂੰ ਦਸਵੀਂ ਅਤੇ ਬਾਰਵੀਂ ਸ੍ਰੇਣੀ ਦੇ ਪ੍ਰਸ਼ਨ ਪੱਤਰ ਬੈਂਕਾਂ ਵਿੱਚ ਰੱਖੇ ਜਾਣ ਤੋਂ ਪਹਿਲਾਂ ਮਿਤੀ 24.2.2023 ਨੂੰ ਅੰਗਰੇਜੀ ਵਿਸ਼ੇ ਦੀ ਮੁਲਤਵੀ ਹੋਈ ਪ੍ਰੀਖਿਆ ਦੇ ਪ੍ਰਸ਼ਨ ਪੱਤਰਾਂ ਦੇ ਪੈਕਟ ਤੁਹਾਡੇ ਵੱਲੋਂ (ਬੈਂਕ ਮੈਨੇਜਰ ਅਤੇ ਟੀਮ ਮੁੱਖੀ ਦੀ ਹਾਜਰੀ ਵਿੱਚ) ਪ੍ਰਸ਼ਨ ਪੱਤਰ ਲੈ ਕੇ ਆ ਰਹੀਆਂ ਟੀਮਾਂ ਵੱਲੋਂ ਮੁਹੱਈਆ ਕਰਵਾਈ ਗਈ ਇੱਕ ਥੈਲੀ ਵਿੱਚ ਪਾਏ ਜਾਣਗੇ ਅਤੇ ਥੈਲੀ ਸੀਲ ਕੀਤੀ ਜਾਵੇਗੀ ।**
7. **ਇਸ ਸੀਲਬੰਦ ਥੈਲੀ ਨੂੰ ਬੈਂਕ ਦੀ ਕਸਟੱਡੀ ਵਿੱਚ ਵੱਖਰੇ ਤੌਰ ਤੇ ਰਖਵਾਇਆ ਜਾਵੇ ਕਿਉਂਕਿ ਪੜ੍ਹਤਾਲ/ਤਫਤੀਸ ਲਈ ਕਿਸੇ ਸਮੇਂ ਵੀਂ ਜਰੂਰਤ ਪੈ ਸਕਦੀ ਹੈ।**
8. ਥੈਲੀ ਉਪਰ ਸਲਿੱਪ ਲੱਗੀ ਹੋਵੇਗੀ , ਬਣੇ ਕਾਲਮਾਂ ਅਨੁਸਾਰ ਮੁੰਕਮਲ ਕਰਕੇ ਹਸਤਾਖਰ ਕਰਵਾਏ/ਕੀਤੇ ਜਾਣ। ਸਲਿੱਪ ਦਾ ਨਮੂਨਾ ਨਿਮਨਲਿਖਤ ਅਨੁਸਾਰ ਹੈ:-

ਬਾਰਵੀਂ ਸ੍ਰੇਣੀ ਫਰਵਰੀ/ਮਾਰਚ 2023

ਕੇਂਦਰ ਦਾ ਨਾਂ　　　　ਕੇਂਦਰ ਕੋਡ　　　　ਜਿਲਾ

| **ਵਿਸ਼ਾ** | **ਵਿਸ਼ਾ ਕੋਡ** | **ਪ੍ਰੀਖਿਆ ਦੀ ਮਿਤੀ** | **ਪੈਕਟਾਂ ਦੀ ਗਿਣਤੀ** | **ਪੈਕਟ ਖੁੱਲਾ ਹੈ ਜਾਂ ਬੰਦ** |
|---|---|---|---|---|
| ਜਨਰਲ ਅੰਗਰੇਜੀ | 001 | 24.2.2023 | | |

ਕੇਂਦਰ ਕੰਟਰੋਲਰ ਦੇ ਪੂਰੇ ਹਸਤਾਖਰ　　ਟੀਮ ਮੁੱਖੀ ਦੇ ਪੂਰੇ ਹਸਤਾਖਰ　　ਬੈਂਕ ਮੈਨੇਜਰ ਦੇ ਪੂਰੇ ਹਸਤਖਰ

ਮੋਬਾਇਲ ਨੰ:　　ਮੋਬਾਇਲ ਨੰ:　　ਮੋਬਾਇਲ ਨੰ:

9.ਉਕਤ ਦੱਸੇ ਅਨੁਸਾਰ ਪੂਰਾ ਪ੍ਰੋਸੈਸ ਕਰਨ ਤੋਂ ਬਾਅਦ ਹੀ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਬੈਂਕ ਕਸਟੱਡੀ ਵਿੱਚ ਰਖਵਾਏ ਜਾਣ।

10 ਅੰਗਰੇਜੀ ਵਿਸ਼ੇ ਦੀ ਮੁਲਤਵੀ ਹੋਈ ਪ੍ਰੀਖਿਆ ਦੇ (ਡੀ.ਏ. ਕੋਡ )ਪ੍ਰਸ਼ਨ ਪੱਤਰ ਜੋ ਪ੍ਰਿੰਸੀਪਲ ਕਮ-ਕੇਂਦਰ ਕੰਟਰੋਲਰਜ਼ ਦੀ ਕਸਟੱਡੀ ਵਿੱਚ ਹੀ ਰੱਖੇ ਹੋਏ ਹਨ, ਉਸ ਸੀਲਬੰਦ ਥੈਲੀ ਨੂੰ ਮੈਨੇਜਰ ਖੇਤਰੀ ਦਫਤਰ ਪਾਸ ਜਮਾਂ ਕਰਵਾਇਆ ਜਾਵੇ।

11 ਅੰਗਰੇਜੀ ਵਿਸ਼ੇ ਦੀ ਮੁਲਤਵੀ ਹੋਈ ਪ੍ਰੀਖਿਆ ਦਾ ਡੀ.ਏ.ਕੋਡ ਦੇ ਪ੍ਰਸ਼ਨ ਪੱਤਰਾਂ ਵਾਲੀ ਥੈਲੀ ਉਪਰ ਮਾਰਕਰ ਨਾਲ ਕਰਾਸ ਲਗਾਇਆ ਜਾਵੇ , ਇਸ ਉਪਰੰਤ ਹੀ ਮੈਨੇਜਰ ਖੇਤਰੀ ਦਫਤਰਾਂ ਪਾਸ ਜਮਾਂ ਕਰਵਾਈ ਜਾਵੇ।

12. ਅੰਗੇਰਜੀ ਵਿਸ਼ੇ( ਡੀ.ਏ.ਕੋਡ ) ਦੇ ਪਹਿਲੇ ਪ੍ਰਸ਼ਨ ਪੱਤਰ ਜਮਾਂ ਕਰਵਾਉਣ ਤੋਂ ਬਾਅਦ ਹੀ ਮਿਤੀ 24.3.2023 ਨੂੰ ਹੋਣ ਵਾਲੀ ਪ੍ਰੀਖਿਆ ਲਈ ਡੀ.ਏ.ਕੋਡ ਦੇ ਪ੍ਰਸ਼ਨ ਪੱਤਰ ਮੈਨੇਜਰ ਖੇਤਰੀ ਦਫਤਰਾਂ ਪਾਸੋਂ ਪ੍ਰਾਪਤ ਕੀਤੇ ਜਾਣ।

13. ਜੇਕਰ ਕਿਸੇ ਪ੍ਰਿੰਸੀਪਲ ਕਮ-ਕੇਂਦਰ ਕੰਟਰੋਲਰ ਵੱਲੋਂ ਦਰਜ ਹਦਾਇਤਾਂ ਦੀ ਪਾਲਣਾ ਨਾ ਕੀਤੀ ਗਈ ਜਾਂ ਜੇਕਰ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਤੁਹਾਡੇ ਵਿਰੁੱਧ ਬਣਦੀ ਅਨੁਸਾਸ਼ਨੀ/ ਕਾਨੂੰਨੀ ਕਾਰਵਾਈ /ਆਰੰਭੀ ਜਾਵੇਗੀ ਅਤੇ ਭਰਭਾਈ ਕੀਤੀ ਜਾਵੇਗੀ।

ਸਹੀ/

ਸਹਾਇਕ ਸਕੱਤਰ (ਕ.ਸ)

ਪੰਜਾਬ ਸਕੂਲ ਸਿੱਖਿਆ ਬੋਰਡ

ਉਤਾਰਾ:- ਮੈਨੇਜਰ ਖੇਤਰੀ ਦਫਤਰ,ਪੰਜਾਬ ਸਕੂਲ ਸਿੱਖਿਆ ਬੋਰਡ ਮਿਤੀ 24.2.2023 ਨੂੰ ਮੁਲਤਵੀਂ ਹੋਈ ਅੰਗਰੇਜੀ ਵਿਸ਼ੇ ਦੇ ਪ੍ਰਸ਼ਨ ਪੱਤਰਾਂ ਦੇ ਪੈਕਟ ਪਾਉਣ ਲਈ ਦਫਤਰ ਵੱਲੋਂ ਮੁਹੱਈਆਂ ਕਰਵਾਈਆਂ ਗਈਆਂ ਥੈਲੀਆਂ ਰੂਟ ਵਾਈਜ਼ ਕਰਮਚਾਰੀਆਂ ਨੂੰ ਸੌਂਪਣਗੇ।

2. ਤਫਤੀਸ਼ ਦੌਰਾਨ ਜਿਸ ਜਿਲੇ ਦੇ ਪ੍ਰਸ਼ਨ ਪੱਤਰਾ ਦੀ ਜਰੂਰਤ ਹੋਵੇਗੀ ਤਾਂ ਉਸ ਜਿਲੇ ਦੇ ਮੈਨੇਜਰ ਖੇਤਰੀ ਦਫਤਰ ਵੱਲੋਂ ਬੈਂਕ ਕਸਟੱਡੀ ਵਿੱਚ ਰੱਖੇ ਪ੍ਰਸ਼ਨ ਪੱਤਰਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

3. ਬਾਰਵੀਂ ਸ਼੍ਰੇਣੀ ਮਿਤੀ 24.2.2023 ਨੂੰ ਮੁਲਤਵੀਂ ਹੋਈ ਪ੍ਰੀਖਿਆ ਦੇ (ਡੀ.ਏ. ਕੋਡ ) ਦੇ ਪ੍ਰਸ਼ਨ ਪੱਤਰਾਂ ਵਾਲੀ ਸੀਲਬੰਦ ਥੈਲੀ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਤੋਂ ਪ੍ਰਾਪਤ ਕਰਨ ਤੋਂ ਬਾਅਦ ਹੀ ਮਿਤੀ 24.3.2023 ਨੂੰ ਹੋਣ ਵਾਲੀ ਅੰਗਰੇਜੀ ਵਿਸ਼ੇ ਦੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਪ੍ਰਿੰਸੀਪਲ ਕਮ- ਕੇਂਦਰ ਕੰਟਰੋਲਰਜ਼ ਨੂੰ ਪ੍ਰਾਪਤ ਕਰਵਾਏ ਜਾਣ।

4. ਡੀ.ਏ.ਕੋਡ ਵਾਲੇ ਪ੍ਰਸ਼ਨ ਪੱਤਰਾਂ ਦੀ ਸੀਲਬੰਦ ਥੈਲੀ ਨੂੰ ਆਪਣੀ ਕਸਟੱਡੀ ਵਿੱਚ ਰੱਖਿਆ ਜਾਵੇ ਕਿਉਂਕਿ ਤਫਤੀਸ਼ ਪੜਤਾਲ/ਤਫਤੀਸ ਲਈ ਕਿਸੇ ਸਮੇਂ ਵੀਂ ਜਰੂਰਤ ਪੈ ਸਕਦੀ ਹੈ।

5. ਮੈਨੇਜਰ ਖੇਤਰੀ ਦਫਤਰ /ਉਨਾਂ ਦੀ ਟੀਮ ਸਮੂਹ ਪ੍ਰਿੰਸੀਪਲਾਂ ਨੂੰ( ਪ੍ਰਸ਼ਨ ਪੱਤਰ ਬੈਂਕਾਂ ਵਿੱਚ ਰੱਖਣ ਤੋਂ ਪਹਿਲਾਂ) ਉਕਤ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਉਣ ਲਈ ਸੂਚਿਤ ਕਰਨਗੇ ਅਤੇ ਸਾਰੀ ਜਾਣਕਾਰੀ ਮੁੱਖ ਦਫਤਰ ਨੂੰ ਮੁਹੱਈਆ ਕਰਵਾਉਣਗੇ।

6. ਜਿਲਾ ਸਿੱਖਿਆ ਅਫਸਰਾਂ ਦੀ ਜਾਣਕਾਰੀ ਅਤੇਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕ.ਸ) 16/03/2023

ਪੰਜਾਬ ਸਕੂਲ ਸਿੱਖਿਆ ਬੋਰਡ